## ਨਿਜਤਾ

ਉਸ ਨਿੱਜੀ ਸਿਹਤ ਸਬੰਧੀ ਜਾਣਕਾਰੀ ਨੂੰ, ਜੋ ਤੁਸੀਂ ਸਾਡੇ ਕਲੀਨਿਕ ਵਿੱਚ ਪ੍ਰਦਾਨ ਕਰਦੇ ਹੋ, ਹੈਲਥ ਇਨਫੋਰਮੇਸ਼ਨ ਐਕਟ ਦੇ ਪ੍ਰਾਵਧਾਨਾਂ ਦੇ ਮੁਤਾਬਕ ਇਕੱਤਰ, ਇਸ ਦਾ ਇਸਤੇਮਾਲ ਅਤੇ ਖੁਲਾਸਾ ਕੀਤਾ ਜਾਂਦਾ ਹੈ।

ਇਸ ਦੀ ਤੁਹਾਨੂੰ ਤਸ਼ਖੀਸ, ਇਲਾਜ ਅਤੇ ਸਿਹਤ ਸਬੰਧੀ ਸੇਵਾਵਾਂ ਪ੍ਰਦਾਨ ਕਰਨ ਅਤੇ ਪ੍ਰਦਾਨ ਕੀਤੀਆਂ ਸੇਵਾਵਾਂ ਲਈ ਤੁਹਾਡਾ ਪਰੋਵਿੰਸ਼ਿਯਲ ਹੈਲਥ ਪਲਾਨ ਦਾ ਬਿੱਲ ਭੇਜਣ ਲਈ ਵੀ ਵਰਤੋਂ ਕੀਤੀ ਜਾਂਦੀ ਹੈ। ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ 403-571-8640 ਤੇ ਸੰਪਰਕ ਕਰੋ।

## ਸਾਡੀ ਸਥਿਤੀ

ਅਸੀਂ ਹੇਠਾਂ ਦਿੱਤੀ ਥਾਂ ਤੇ ਸਥਿਤ ਹਾਂ:

#110, 2891 ਸਨਰਿਜ ਵੇ ਐਨ ਈ ਕੈਲਗਰੀ, ਅਲਬੇਰਟਾ **T1Y 7K7**




ਪਾਰਕਿੰਗ ਬਿਲਡਿੰਗ ਦੇ ਅੱਗੇ ਉਪਲਬਧ ਹੈ।

ਬੱਸ ਦੇ ਰੂਟ: #19 ਅਤੇ #119

ਨਜ਼ਦੀਕੀ ਸੀ-ਰੇਲਗੱਡੀ ਸਟੇਸ਼ਨ: ਐਨ ਈ ਰੰਡਲ ਸਟੇਸ਼ਨ

Punjabi / Holter 09.2.13

## ਹੋਲਟਰ ਮੋਨਿਟਰ ਕੀ ਹੁੰਦਾ ਹੈ?

ਹੋਲਟਰ ਮੋਨਿਟਰ ਤੁਹਾਡੇ ਦੁਆਰਾ ਆਪਣੀਆਂ ਸਾਧਾਰਨ ਰੋਜ਼ ਦੀਆਂ ਗਤੀਵਿਧੀਆਂ ਨੂੰ ਕਰਨ ਵੇਲੇ ਇਹ ਦੇਖਣ ਲਈ ਲਿੱਤੀ ਗਈ ਇੱਕ ਨਿਰੰਤਰ ਇਲੈਕਟ੍ਰੋਕਾਰਡੀਓਗ੍ਰਾਮ (ਈਸੀਜੀ) ਹੁੰਦੀ ਹੈ ਕਿ ਤੁਹਾਡੀ ਨਬਜ਼ ਅਤੇ ਦਿਲ ਦੀ ਧੜਕਣ ਕਿਵੇਂ ਪ੍ਰਤੀਕਿਰਿਆ ਕਰਦੀ ਹੈ।

## ਟੈਸਟ ਦੇ ਦੌਰਾਨ ਕੀ ਹੁੰਦਾ ਹੈ?

ਇਹ ਇੱਕ ਸਾਧਾਰਨ ਪ੍ਰਕਿਰਿਆ ਹੈ। ਈਸੀਜੀ ਦਾ ਨਿਰੀਖਣ ਕਰਨ ਵਾਲੇ ਇਲੈਕਟ੍ਰੋਡਾਂ ਨੂੰ ਤੁਹਾਡੀ ਸ਼ੁਰੂਆਤੀ ਨਿਰਧਾਰਤ ਮੁਲਾਕਾਤ ਦੇ ਦੌਰਾਨ ਇੱਕ ਟੈਕਨੋਲੋਜਿਸਟ ਦੁਆਰਾ ਤੁਹਾਡੀ ਛਾਤੀ ਤੇ ਲਗਾਇਆ ਜਾਵੇਗਾ। ਇਹ ਇਲੈਕਟ੍ਰੋਡ ਤੁਹਾਡੇ ਦਿਲ ਤੋਂ ਸਿਗਨਲਾਂ ਨੂੰ ਫੜਣਗੇ ਅਤੇ ਉਨ੍ਹਾਂ ਨੂੰ ਢੁੱਕਵੇਂ ਰਿਕੋਰਡਰ ਵਿੱਚ ਸਥਾਨਾਂਤ੍ਰਿਤ ਕਰਣਗੇ, ਜਿੱਥੇ ਸਿਗਨਲਾਂ ਨੂੰ ਰਿਕੋਰਡ ਕੀਤਾ ਜਾਵੇਗਾ। ਬਾਅਦ ਵਿੱਚ ਰਿਕੋਰਡਿੰਗ ਨੂੰ ਇੱਕ ਰਿਪੋਰਟ ਵਿੱਚ ਬਦਲਿਆ ਜਾਵੇਗਾ, ਜਿਸ ਦਾ ਤੁਹਾਡਾ ਡਾਕਟਰ ਵਿਸ਼ਲੇਸ਼ਣ ਕਰੇਗਾ। ਹੋਲਟਰ ਲੰਮੇ ਪੈਣ ਵਾਲੀ ਈਸੀਜੀ ਤੋਂ ਅਲੱਗ ਹੁੰਦੀ ਹੈ ਜਿਸ ਵਿੱਚ ਲੰਮੇ ਪੈਣ ਵਾਲੀ ਈਸੀਜੀ ਸਿਰਫ਼ ਤੁਹਾਡੇ ਦਿਲ ਦੀ ਗਤੀਵਿਧੀ ਦੇ ਬਹੁਤ ਛੋਟੇ ਹਿੱਸੇ ਨੂੰ ਹੀ ਰਿਕੋਰਡ ਕਰਦੀ ਹੈ, ਜਿਵੇਂ ਕਿ ਇਹ ਤੁਹਾਡੀ ਨਬਜ਼ ਅਤੇ ਧੜਕਣ ਦਾ ਇੱਕ ਸਨੈਪਸ਼ੋਟ ਹੁੰਦਾ ਹੈ। ਇਸ ਤੋਂ ਇਲਾਵਾ, ਲੰਮੇ ਪੈਣ ਵਾਲੀ ਈਸੀਜੀ ਨੂੰ ਉਦੋਂ ਲਿੱਤਾ ਜਾਂਦਾ ਹੈ ਜਦੋਂ ਤੁਸੀਂ ਅਰਾਮ ਕਰ ਰਹੇ ਹੁੰਦੇ ਹੋ ਅਤੇ ਇਸ ਕਰਕੇ ਇਹ ਇਸ ਕਿਰਿਆ ਨੂੰ ਨਹੀਂ ਦਰਸ਼ਾਉਂਦਾ ਹੈ ਕਿ ਤੁਹਾਡਾ ਦਿਲ ਰੋਜ਼ ਦੀਆਂ ਗਤੀਵਿਧੀਆਂ ਦੇ ਪ੍ਰਤੀ ਕਿਵੇਂ ਪ੍ਰਤੀਕਿਰਿਆ ਕਰੇਗਾ।

ਉਸ ਰਿਕੋਰਡਰ ਨੂੰ ਤੁਹਾਡੇ ਸਾਧਾਰਨ ਨਿੱਤ-ਨੇਮ ਵਿੱਚ ਰੁਕਾਵਟ ਨਹੀਂ ਪਾਉਣੀ ਚਾਹੀਦੀ ਹੈ ਜੋ ਕਿ ਤੁਸੀਂ ਪਾ ਰਹੇ ਹੋਵੋਗੇ ਅਤੇ ਇਸ ਨੂੰ ਪਾਉਣ ਵੇਲੇ ਸਿਰਫ਼ ਕੁਝ ਹੀ ਪਾਬੰਦੀਆਂ ਹੁੰਦੀਆਂ ਹਨ। ਕਿਰਪਾ ਕਰਕੇ ਅਗਲੇ ਪੰਨੇ ਤੇ ਇਨ੍ਹਾਂ ਪਾਬੰਦੀਆਂ ਤੇ ਧਿਆਨ ਦਿਓ ਅਤੇ ਇਸ ਕਿਤਾਬਚੀ ਨੂੰ ਪੂਰੀ ਤਰ੍ਹਾਂ ਪੜ੍ਹੋ।

## ਜੋਖਮ

ਤੁਸੀਂ ਇਲੈਕਟਰੋਡ ਅਸਥਾਨਾਂ ਤੇ ਚਮੜੀ ਵਿੱਚ ਜਲਨ ਦਾ ਅਨੁਭਵ ਕਰ ਸਕਦੇ ਹੋ, ਜਾਂ ਬਹੁਤ ਦੁਰਲਭ ਹਾਲਾਤਾਂ ਵਿੱਚ ਪੱਕੇ ਨਿਸ਼ਾਨ ਪੈ ਸਕਦੇ ਹਨ।

## ਟੈਸਟ ਦੇ ਸਿੱਟਿਆਂ ਦੀ ਚਰਚਾ:

ਕਿਰਪਾ ਕਰਕੇ ਧਿਆਨ ਦਿਓ ਕਿ ਸਿਰਫ਼ ਤੁਹਾਡੀ ਜਾਣ-ਪਛਾਣ ਦਾ ਅਤੇ ਜਾਂ ਫੈਮਲੀ ਡਾਕਟਰ ਹੀ ਤੁਹਾਡੇ ਨਾਲ ਤੁਹਾਡੇ ਟੈਸਟ ਦੇ ਸਿੱਟਿਆਂ ਦੀ ਚਰਚਾ ਕਰ ਸਕਦਾ ਹੈ।

Total Cardiology™
Your Heart. Your Health. For Life.

## ਕਾਰਡੀਓ-ਡਾਇਗਨੋਸਟਿਕ ਸੈਂਟਰ

(ਟ) 403 571 8640
(ਫ) 403 571 8658
totalcardiology.ca

# ਹੋਲਟਰ ਮੋਨਿਟਰ

# Holter Monitor

### ਤਿਆਰੀ ਸਬੰਧੀ ਜਾਣਕਾਰੀ

ਨਿਰਧਾਰਤ ਮੁਲਾਕਾਤ:

ਮਿਤੀ: ______________________________

ਸਮਾਂ: ______________________________

ਕਿਰਪਾ ਕਰਕੇ ਆਪਣੀ ਨਿਰਧਾਰਤ ਮੁਲਾਕਾਤ ਤੋਂ ਘੱਟੋ-ਘੱਟ 1 ਦਿਨ ਪਹਿਲਾਂ ਇਸ ਕਿਤਾਬਚੀ ਨੂੰ ਚੰਗੀ ਤਰ੍ਹਾਂ ਪੜ੍ਹੋ।

ਕਿਰਪਾ ਕਰਕੇ ਆਪਣੀ ਨਿਰਧਾਰਤ ਮੁਲਾਕਾਤ ਤੇ 15 ਮਿੰਟ ਪਹਿਲਾਂ ਪਹੁੰਚੋ।

ਜੇ ਤੁਹਾਨੂੰ ਪੂਰੀ ਤਰ੍ਹਾਂ ਅੰਗਰੇਜੀ ਨਹੀਂ ਆਉਂਦੀ ਹੈ, ਤਾਂ ਕਿਰਪਾ ਕਰਕੇ ਅਨੁਵਾਦ ਕਰਨ ਲਈ ਟ੍ਰਾਂਸਲੇਟਰ ਨੂੰ ਆਪਣੇ ਨਾਲ ਲਿਆਓ।

ਬੱਚਿਆਂ ਨੂੰ ਲੈਬ ਵਿੱਚ ਆਉਣ ਦੀ ਆਗਿਆ ਨਹੀਂ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਉਡੀਕ ਕਰਨ ਵਾਲੇ ਕਮਰੇ ਵਿੱਚ ਇਕੱਲਿਆਂ ਨਹੀਂ ਛੱਡਿਆ ਜਾ ਸਕਦਾ ਹੈ।

ਕਿਰਪਾ ਨੋਟ ਕਰੋ ਕਿ ਇਸ ਟੈਸਟ ਲਈ ਤੁਹਾਨੂੰ ਆਪਣਾ ਮੌਜੂਦਾ ਅਲਬਰਟਾ ਹੈਲਥ ਕੇਅਰ ਕਾਰਡ ਅਤੇ ਸਰਕਾਰ ਦੁਆਰਾ ਜਾਰੀ ਕੀਤੀ ਗਈ ਫੋਟੋ ਆਈਡੀ ਦਿਖਾਣੀ ਜਰੂਰੀ ਹੈ। ਘੱਟੋ-ਘੱਟ 24 ਘੰਟੇ ਪਹਿਲਾਂ 403-571-8640 ਤੇ ਕਾਲ ਕਰੋ ਜੇ ਤੁਹਾਨੂੰ ਆਪਣੀ ਨਿਰਧਾਰਤ ਮੁਲਾਕਾਤ ਵਿੱਚ ਤਬਦੀਲੀ ਕਰਨ ਦੀ ਲੋੜ ਹੁੰਦੀ ਹੈ।

## ਜਰੂਰੀ ਤਿਆਰੀ ਸਬੰਧੀ ਹਿਦਾਇਤਾਂ

### ਟੈਸਟ ਤੋਂ ਪਹਿਲਾਂ:

ਇਸ ਟੈਸਟ ਲਈ ਕੋਈ ਖਾਸ ਤਿਆਰੀ ਨਹੀਂ ਕੀਤੀ ਜਾਂਦੀ ਹੈ। ਸਿਰਫ਼ ਇਹ ਯਾਦ ਰੱਖੋ ਕਿ ਇੱਕ ਵਾਰੀ ਜਦੋਂ ਮੋਨਿਟਰ ਨੂੰ ਲਗਾ ਦਿੱਤਾ ਜਾਂਦਾ ਹੈ, ਤੁਸੀਂ ਲਗਭਗ 24 ਜਾਂ 48 ਘੰਟਿਆਂ ਲਈ ਇਸ ਨੂੰ ਪਾ ਰਹੇ ਹੋਵੋਗੇ।

### ਟੈਸਟ ਦੇ ਦੌਰਾਨ:

ਕਿਸੇ ਵੀ ਤਰੀਕੇ ਨਾਲ ਰਿਕੌਰਡਰ ਨਾਲ ਛੇੜਛਾੜ ਨਾ ਕਰੋ। ਤੁਸੀਂ ਇਸ ਦੀ ਦੇਖਭਾਲ ਲਈ ਜ਼ੁੰਮੇਵਾਰ ਹੁੰਦੇ ਹੋ।

ਸ਼ਾਵਰ ਨਾ ਲਓ ਜਾਂ ਨਹਾਓ ਨਹੀਂ ਜਾਂ ਕਿਸੇ ਵੀ ਤਰੀਕੇ ਨਾਲ ਮਸ਼ੀਨ ਨੂੰ ਗਿੱਲਾ ਨਾ ਹੋਣ ਦਿਓ।

ਹੋਲਟਰ ਮੋਨਿਟਰ ਨੂੰ ਪਾਉਣ ਵੇਲੇ ਬਿਜਲੀ ਕੰਬਲ ਦੀ ਵਰਤੋਂ ਨਾ ਕਰੋ, ਕਿਉਂਕਿ ਇਹ ਰਿਕਾਰਡਿੰਗ ਵਿੱਚ ਰੁਕਾਵਟ ਪਾ ਸਕਦਾ ਹੈ।

ਇਲੈਕਟ੍ਰੋਡਾਂ ਨੂੰ ਤਵਚਾ ਨਾਲ ਬੰਨੀ ਰੱਖਣ ਵਾਲੀ ਚੇਪੀ ਨਾਲ ਛੇੜਛਾੜ ਨਾ ਕਰੋ ਜਾਂ ਇਲੈਕਟ੍ਰੋਡ ਦੀਆਂ ਤਾਰਾਂ ਨੂੰ ਨਾ ਖਿੱਚੋ। ਜੇ ਇਲੈਕਟ੍ਰੋਡ ਢਿੱਲੀਆਂ ਹੋ ਜਾਂਦੀਆਂ ਹਨ, ਤਾਂ ਉਨ੍ਹਾਂ ਨੂੰ ਚੇਪੀ ਨਾਲ ਸੁਰੱਖਿਅਤ ਕਰੋ।

ਸਮਿਆਂ ਦੇ ਨਾਲ ਮਰੀਜ਼ ਡਾਇਰੀ ਵਿੱਚ ਸਾਰੀਆਂ ਗਤੀਵਿਧੀਆਂ ਅਤੇ ਲੱਛਣਾਂ ਨੂੰ ਰਿਕੌਰਡ ਕਰੋ। ਗਤੀਵਿਧੀਆਂ ਦੀਆਂ ਉਦਾਹਰਨਾਂ ਕਸਰਤ, ਚੱਲਣਾ, ਲਮਕਣਾ, ਜਾਂ ਮਿਹਨਤ ਵਾਲ ਕੰਮ ਕਰਨਾ, ਆਦਿ ਹਨ। ਲੱਛਣਾਂ ਦੀਆਂ ਉਦਾਹਰਨਾਂ ਛਾਤੀ, ਬਾਂਹ, ਗਿੱਚੀ ਜਾਂ ਚੇਹਰੇ ਦੀ ਦਰਦ; ਧੜਕਣ (ਦਿਲ ਧੜਕਣਾ); ਚੱਕਰ ਆਉਣਾ; ਉਲਟੀ; ਮੁਸ਼ਕਲ ਨਾਲ ਸਾਹ ਆਉਣਾ; ਚਿੰਤਾ, ਆਦਿ ਹਨ। ਉਦੋਂ ਕੋਈ ਵੀ ਅਤੇ ਸਾਰੇ ਲੱਛਣਾਂ ਨੂੰ ਰਿਕੌਰਡ ਕਰੋ ਜਦੋਂ ਉਹ ਵਾਪਰਦੇ ਹਨ।

### ਟੈਸਟ ਤੋਂ ਬਾਅਦ:

ਹੋਲਟਰ ਮੋਨਿਟਰਾਂ ਨੂੰ ਆਮ ਤੌਰ ਤੇ ਸਵੇਰ ਵੇਲੇ ਜਾਂ ਦੁਪਹਿਰ ਨੂੰ ਲਗਾਇਆ ਜਾਂਦਾ ਹੈ। ਕਿਰਪਾ ਕਰਕੇ ਇਲੈਕਟ੍ਰੋਡ ਦੀਆਂ ਤਾਰਾਂ ਨੂੰ ਉਤਾਰੋ ਅਤੇ ਰਿਕੌਰਡਰ ਨੂੰ ਬੰਦ ਕਰੋ ਅਤੇ ਅਗਲੇ ਦਿਨ ਦਰਸ਼ਾਏ ਗਏ ਨਿਸ਼ਚਤ ਸਮੇਂ ਤੇ ਟੋਟਲ ਕਾਰਡੀਓਲੋਜੀ ਕਾਰਡੀਓ-ਡਾਇਗਨੋਸਟਿਕ ਸੈਂਟਰ ਵਿੱਖੇ ਸਾਰੀ ਮਸ਼ੀਨਾਂ ਨੂੰ ਵਾਪਸ ਕਰੋ। ਟੈਕਨੋਲੋਜਿਸਟ ਵਿਸ਼ਲੇਸ਼ਣ ਲਈ ਮਰੀਜ਼ ਡਾਇਰੀ ਦੇ ਨਾਲ ਤਾਰਾਂ ਅਤੇ ਰਿਕੌਰਡਰ ਨੂੰ ਇਕੱਤਰ ਕਰੇਗਾ।

*** ਜੇ ਤੁਸੀਂ ਸ਼ੁੱਕਰਵਾਰ ਨੂੰ ਹੋਲਟਰ ਮੋਨਿਟਰ ਪ੍ਰਾਪਤ ਕੀਤਾ ਹੈ ਤਾਂ ਕਿਰਪਾ ਕਰਕੇ ਟੋਟਲ ਕਾਰਡੀਓਲੋਜੀ ਕਾਰਡੀਓ-ਡਾਇਗਨੋਸਟਿਕ ਸੈਂਟਰ ਵਿੱਖੇ ਸਵੇਰੇ 7.00 ਅਤੇ 9.00 ਵਜੇ ਦੇ ਵਿੱਚ ਸੋਮਵਾਰ ਦੀ ਸਵੇਰ ਨੂੰ ਸਾਰੇ ਮਸ਼ੀਨ ਅਤੇ ਆਪਣੀ ਮਰੀਜ਼ ਡਾਇਰੀ ਨੂੰ ਵਾਪਸ ਕਰੋ।

## ਰੋਗੀ ਡਾਇਰੀ

| | | ਲੱਛਣ | | | | | | | |
|---|---|---|---|---|---|---|---|---|---|
| ਸਮਾਂ | ਕਿਰਿਆ | ਧੜਕਣ | ਚੱਕਰ | ਜੀ ਕੱਚਾ | ਸਾਹ ਦੀ ਕਮੀ | ਛਾਤੀ ਦਾ ਦਰਦ | ਬਾਂਹ ਦਾ ਦਰਦ | ਹੋਰ ਦਰਦ | ਹੋਰ (ਵੇਰਵਾ) |
| | | | | | | | | | |
| | | | | | | | | | |
| | | | | | | | | | |
| | | | | | | | | | |
| | | | | | | | | | |
| | | | | | | | | | |
| | | | | | | | | | |
| | | | | | | | | | |
| | | | | | | | | | |
| | | | | | | | | | |
| | | | | | | | | | |
| | | | | | | | | | |
| | | | | | | | | | |
| | | | | | | | | | |

**ਹਿਦਾਇਤਾਂ:** ਇੱਕ ਚੈੱਕ ਮਾਰਕ ਦੇ ਨਾਲ, ਅਨੁਭਵ ਕੀਤੇ ਗਏ ਲੱਛਣਾਂ ਤੇ ਸੰਕੇਤ ਕਰੋ। ਲੱਛਣ ਦੇ ਨਾਲ ਹੀ ਇੱਕ ਹੀ ਲਾਈਨ ਵਿੱਚ ਸਮਾਂ ਰਿਕਾਰਡ ਕਰਨਾ ਨਿਸ਼ਚਿਤ ਕਰੋ। ਸਮਾਂ ਮੌਨੀਟਰ ਉੱਤੇ ਡਿਜਿਟਲ ਘੜੀ ਤੋਂ ਹੀ ਲਿੱਤਾ ਜਾਣਾ ਚਾਹੀਦਾ ਹੈ ਅਤੇ ਨਾ ਕਿ ਰੋਗੀ ਦੀ ਜਾਂ ਕਿਸੀ ਹੋਰ ਘੜੀ ਤੋਂ।

ਕਿਰਪਾ ਕਰਕੇ ਅੰਗਰੇਜੀ ਵਿੱਚ ਲਿੱਖੋ ਜਾਂ ਕਿਸੇ ਤੋਂ ਅੰਗਰੇਜੀ ਵਿੱਚ ਲਿਖਵਾਓ ਤਾਂ ਕਿ ਸਟਾਫ ਜਾਣਕਾਰੀ ਨੂੰ ਪੜ ਸਕੇ।